# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਬਠਿੰਡਾ

## Office of District Education Officer (SE), Bathinda

ਤੀਜੀ ਮੰਜ਼ਿਲ ਮਿਨੀ ਸਕੱਤਰੇਤ

Email: DEOSE.BATHINDA@PUNJABEDUCATION.GOV.IN

**ਮਿਤੀ :- 19.08.2026**

**ਸੇਵਾ ਵਿਖੇ,**

**ਸਮੂਹ ਸਕੂਲ ਮੁਖੀ,**

**ਜ਼ਿਲ੍ਹਾ ਬਠਿੰਡਾ।**

ਪੱਤਰ ਨੰ. 9041/56

**ਵਿਸ਼ਾ: ਮਾਸਟਰ ਕੇਡਰ ਤੋਂ ਹੈੱਡ ਮਾਸਟਰ/ਮਿਸਟ੍ਰੈਸ ਲਈ ਯੋਗ ਕਰਮਚਾਰੀਆਂ ਦੇ ਪ੍ਰਮੋਸ਼ਨ ਕੇਸ ਅਤੇ ਨਾ-ਲੈਣ ਵਾਲੇ ਕਰਮਚਾਰੀਆਂ ਦੇ ਕੇਸ ਭੇਜਣ ਸਬੰਧੀ।**

*ਹਵਾਲਾ: ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ (ਪ੍ਰਮੋਸ਼ਨ ਸੈੱਲ) ਦੇ ਦਫ਼ਤਰੀ ਕਾਰਜ ਨੋਟਿਸ ਮਿਤੀ 07.08.2026 ਅਤੇ ਇਸ ਦਫ਼ਤਰ ਦਾ ਪੱਤਰ ਮਿਤੀ 18.08.2026 /*

ਉਪਰੋਕਤ ਵਿਸ਼ੇ ਅਤੇ ਹਵਾਲਾ ਪੱਤਰਾਂ ਦੇ ਸੰਦਰਭ ਵਿੱਚ ਸਮੂਹ ਸਕੂਲ ਮੁਖੀਆਂ (DDOs) ਨੂੰ ਤੁਰੰਤ ਹਦਾਇਤ ਜਾਰੀ ਕੀਤੀ ਜਾਵੇ ਕਿ ਮਾਸਟਰ ਕੇਡਰ ਤੋਂ ਹੈੱਡ ਮਾਸਟਰ/ਮਿਸਟ੍ਰੈਸ ਦੀ ਤਰੱਕੀ ਲਈ ਯੋਗ ਕਰਮਚਾਰੀਆਂ ਦੇ ਤਰੱਕੀ/ਪ੍ਰਮੋਸ਼ਨ ਕੇਸ ਮੁੱਖ ਦਫ਼ਤਰ ਦੀਆਂ ਹਦਾਇਤਾਂ ਅਨੁਸਾਰ 17.08.2026 ਤੱਕ ਮੰਗੇ ਗਏ ਸੀ ਪ੍ਰੰਤੂ ਧਿਆਨ ਵਿੱਚ ਆਇਆ ਹੈ ਕਿ ਕੁਝ ਕਰਮਚਾਰੀਆਂ ਦੇ ਕੇਸ ਅਜੇ ਵੀ ਦਫਤਰ ਨੂੰ ਪ੍ਰਾਪਤ ਨਹੀ ਹੋਏ ।ਜੋ ਕਿ ਅੱਜ ਮਿਤੀ 19.08.2026 ਨੂੰ ਦੁਪਹਿਰ 3 ਵਜੇ ਤੱਕ 2-ਪੜ੍ਹਤਾਂ ਵਿੱਚ ਭੇਜਣੇ ਯਕੀਨੀ ਬਣਾਏ ਜਾਣ।

ਜੇਕਰ ਕੋਈ ਕਰਮਚਾਰੀ ਤਰੱਕੀ (Promotion) ਨਹੀਂ ਲੈਣਾ ਚਾਹੁੰਦਾ, ਤਾਂ ਉਸ ਕਰਮਚਾਰੀ ਦਾ ਮੁਕੰਮਲ ਕੇਸ ਵੀ ਸਕੂਲ ਮੁਖੀ/DDO ਵੱਲੋਂ ਸਪੱਸ਼ਟ ਟਿੱਪਣੀ ਸਮੇਤ ਇਸ ਦਫ਼ਤਰ ਵਿਖੇ ਭੇਜਣਾ ਹਰ ਹਾਲਤ ਵਿੱਚ ਯਕੀਨੀ ਬਣਾਇਆ ਜਾਵੇ, ਤਾਂ ਜੋ ਗਠਿਤ ਕਮੇਟੀ ਵੱਲੋਂ ਕੇਸਾਂ ਦੀ ਚੈਕਿੰਗ ਕਰਕੇ ਮੁੱਖ ਦਫ਼ਤਰ ਨੂੰ ਸਮੇਂ ਸਿਰ ਭੇਜੇ ਜਾ ਸਕਣ।ਜੇਕਰ ਕੋਈ ਯੋਗ ਕਰਮਚਾਰੀ ਸਮੇਂ ਸਿਰ ਕੇਸ ਨਾ ਭੇਜਣ ਕਰਕੇ ਜਾਂ ਜਾਣਕਾਰੀ ਦੀ ਘਾਟ ਕਰਕੇ ਤਰੱਕੀ (Promotion) ਤੋਂ ਵਾਂਝਾ/ਪੈਂਡਿੰਗ ਰਹਿ ਜਾਂਦਾ ਹੈ, ਤਾਂ ਇਸ ਦੀ ਪੂਰੀ ਨਿਜੀ ਜ਼ਿੰਮੇਵਾਰੀ ਸਬੰਧਤ ਕਰਮਚਾਰੀ ਅਤੇ ਸਕੂਲ ਮੁਖੀ (DDO) ਦੀ ਨਿਜੀ ਹੋਵੇਗੀ।

**ਇਸ ਨੂੰ ਅਤਿ-ਜ਼ਰੂਰੀ ਸਮਝਿਆ ਜਾਵੇ।**

19/8/26

**ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)**

**ਬਠਿੰਡਾ**